## ਆਰਥਕ ਲਾਭ

ਕਨੇਡਾ ਅੱਤੇ ਅਲਬਰਟਾ ਦੀਆਂ ਸਰਕਾਰਾਂ ਬਜ਼ੁਰਗਾਂ ਨੂੰ ਲਾਭ ਪ੍ਰਦਾਨ ਕਰਦੀਆਂ ਹਨ। ਇਹ ਲਾਭ ਬਾਕਾਇਦਾ ਪ੍ਰਤੀ ਮਹੀਨਾ ਪੈਨਸ਼ਨ, ਹੈਲਥ (ਹੈਲਥ ਸੈਕਸ਼ਨ ਵਿੱਚ ਦੇਖੋ) ਅੱਤੇ ਹੋਰ ਸਹਾਇਤਾ ਦੇ ਤੌਰ ਤੇ ਦਿੱਤੇ ਜਾਂਦੇ ਹਨ। ਲਾਭ ਆਵਾਸ ਦੇ ਸਮੇ ਜਾਂ ਆਵਾਸੀ ਨੂੰ ਸਪੌਂਸਰ ਕੀਤੇ ਗਏ ਤੇ ਨਿਰਭਰ ਕਰਦੇ ਹਨ। ਜੇ ਸਪੌਂਸਰਸ਼ਿਪ ਤੋੜ ਦਿੱਤੀ ਗਈ ਹੈ ਤਾਂ ਸਹਾਇਤਾ ਮਿਲ ਸਕਦੀ ਹੈ। ਬਜ਼ੁਰਗਾਂ ਨੂੰ ਪੈਸੇ ਦੀ ਘਾਟ ਕਾਰਨ ਕਦੀ ਵੀ ਖਤਰੇ ਦੀ ਹਾਲਤ ਵਿੱਚ ਨਹੀਂ ਰਹਿਣਾ ਚਾਹੀਦਾ।

### ਕਨੇਦਾ ਦੀ ਸਰਕਾਰ:

### ਸਰਵਿਸ ਕਨੇਡਾ ਔਫ਼ੀਸਿਸ

Calgary Centre
Harry Hayes Building
270, 220 - 4 Avenue SE
Calgary AB T2G 4X3

Calgary East
Marlborough Mall, Suite 1502
515 Marborough Way NE
Calgary AB T2A 7E7

Calgary North
One Executive Place, Floor Main
1816 Crowchild Trail NW
Calgary AB T2M 3Y7

Calgary South
Fisher Park II, Suite 100
6712 Fisher Street SE
Calgary AB T2H 2A7

All mail to: Box 2710, Stn Main,
Edmonton AB T5J 4C2

Phone: 1-800-277-9914
Website: http://www.servicecanada.gc.ca

ਹੇਠਾਂ ਲਿਖੀ ਪ੍ਰੋਗਰਾਮਾਂ ਦੀ ਵਿਸਥਾਰਪੂਰਵਕ ਜਾਣਕਾਰੀ, ਐਪਲੀਕੇਸ਼ਨ ਫੌਰਮਾਂ ਸਮੇਤ ਵੈਬਸਾਈਟ ਤੋਂ ਲਈ ਜਾ ਸਕਦੀ ਹੈ।

**ਜ਼ਰੂਰੀ ਨੋਟ:** ਫੈਡਰਲ ਪੈਨਸ਼ਨ ਦੇ ਲਾਭ ਲੈਣ ਲਈ, ਕਨੇਡਾ ਦਾ ਵਾਸੀ ਹੋਣਾ ਜ਼ਰੂਰੀ ਹੈ। ਪੱਕੇ ਆਵਾਸੀ ਬਣਨ ਤੋਂ ਪਿਛੋਂ ਇਹ ਬਹੁਤ ਜ਼ਰੂਰੀ ਹੈ ਕਿ ਕਨੇਡਾ ਚੋ ਗ਼ੈਰਹਾਜ਼ਿਰੀ ਦੇ ਸਮੇ ਦੇ ਸਾਰੇ ਰਿਕਾਰਡ ਰੱਖੇ ਜਾਣ। ਪੈਨਸ਼ਨ ਲਈ ਐਪਲੀਕੇਸ਼ਨ ਦੇਣ ਵੇਲੇ ਤੁਹਾਡੇ ਕੋਲੋਂ ਕਨੇਡਾ ਚੋਂ ਬਾਹਰ ਰਹਿਣ ਦੇ ਸਮੇ ਦਾ ਸਬੂਤ ਮੰਗਿਆ ਜਾਵੇਗਾ। ਇਸ ਸਬੂਤ ਵਿੱਚ ਪਾਸਪੋਰਟ (ਕਨੇਡੀਅਨ ਅੱਤੇ/ਜਾਂ ਵਿਦੇਸ਼ੀ), ਏਅਰਲਾਈਨ ਟਿਕਟਾਂ, ਕਰੈਡਿਟ ਕਾਰਡ ਦੀ

ਸਟੇਟਮੈਂਟ ਆਦਿ ਸ਼ਾਮਿਲ ਹੋ ਸਕਦੇ ਹਨ। ਜਦ ਤੱਕ ਤੁਹਾਡੀ ਫੈਡਰਲ ਪੈਨਸ਼ਨ ਮਨਜ਼ੂਰ ਨਹੀਂ ਹੋ ਜਾਂਦੀ, ਪਾਸਪੋਰਟ ਤੇ ਏਅਰਲਾਈਨ ਟਿਕਟਾਂ ਸੰਭ ਕੇ ਰਖਣੀਆਂ ਚਾਹੀਦੀਆਂ ਹਨ।

- **ਓਲਡ ਏਜ ਸਿਕਉਰਿਟੀ ਪੈਨਸ਼ਨ:** ਔਲਡ ਏਜ਼ ਸਿਕੁਅਰਿਟੀ ਪੈਨਸ਼ਨ ਸਰਵਿਸ ਕਨੇਡਾ ਰਾਹੀਂ ਹਯੂਮਨ ਰਿਸੋਰਸਿਸ ਅਤੇ ਸੋਸ਼ਲ ਡਵੈਲਪਮੈਂਟ ਕਨੇਡਾ (HRSDC) ਵਲੋਂ ਦਿਤੀ ਜਾਂਦੀ ਹੈ। ਬੁਢਾਪੇ ਦੀ ਸਿਕਉਰਿਟੀ ਪੈਨਸ਼ਨ (OAS) ਜ਼ਿਆਦਾਤਰ 65 ਸਾਲਾਂ ਤੋਂ ਵਧ ਉਮਰ ਦੇ ਉਹਨਾਂ ਕਨੇਡੀਅਨਾਂ ਨੂੰ ਮਿਲਦੀ ਹੈ, ਜੋ ਕਨੇਡਾ ਵਿੱਚ ਘੱਟ ਤੋਂ ਘੱਟ 10 ਸਾਲ ਰਹੇ ਹੋਣ। ਇਹ ਸਪੋਂਸਰਸ਼ਿਪ ਦੇ ਆਮ ਸਮੇ ਅਨੁਸਾਰ ਹੈ।

- **ਅੰਤਰ-ਰਾਸ਼ਟਰੀ ਲਾੱਭ:** ਕਨੇਡਾ ਦੇ ਕੁੱਝ ਹੋਰ ਦੇਸ਼ਾਂ ਨਾਲ ਪੈਨਸ਼ਨ ਬਾਰੇ ਰਾਜ਼ੀਨਾਵੇਂ ਹਨ। ਜੇਕਰ ਕੋਈ ਬਜ਼ੁਰਗ ਕਿਸੇ ਉਸ ਦੇਸ਼ ਤੋਂ ਆਉਂਦਾ ਹੈ, ਤਾਂ ਉਹ 10 ਸਾਲ ਕਨੇਡਾ ਵਿੱਚ ਰਹਿਣ ਤੋਂ ਪਹਿਲਾਂ ਪੈਨਸ਼ਨ ਦੇ ਯੋਗ ਹੋ ਸਕਦਾ ਹੈ। ਉਹਨਾਂ ਦੇਸ਼ਾਂ ਦੀ ਲਿਸਟ ਲੈਣ ਲਈ, ਜਿਹਨਾਂ ਦੇ ਕਨੇਡਾ ਨਾਲ ਅੰਤਰ-ਰਾਸ਼ਟਰੀ ਪੈਨਸ਼ਨ ਬਾਰੇ ਰਾਜ਼ੀਨਾਵੇਂ ਹਨ, ਕਨੇਡਾ ਸਰਕਾਰ ਦੀ ਉੱਪਰ ਦਿੱਤੀ ਹੋਈ ਵੈਬਸਾਈਟ ਤੇ ਜਾਓ।

- **ਗਾਰੰਟੀਡ ਇਨਕਮ ਸਪਲਿਮੈਂਟ:** ਗਾਰੰਟੀਡ ਇਨਕਮ ਸਪਲਿਮੈਂਟ (GIS), ਕਨੇਡਾ ਵਿੱਚ ਰਹਿਣ ਵਾਲੇ ਘੱਟ ਆਮਦਨ ਵਾਲੇ ਬਜ਼ੁਰਗਾਂ ਨੂੰ ਔਲਡ ਏਜ ਸਿਕਿਉਰਿਟੀ ਪੈਨਸ਼ਨ ਦੇ ਇਲਾਵਾ ਹੋਰ ਧਨ ਦਿੰਦੀ ਹੈ। ਇਸ ਲਾਭ ਲਈ ਐਪਲਾਈ ਕਰਨਾ ਜ਼ਰੂਰੀ ਹੈ - ਇਹ ਆਪਣੇ ਆਪ ਨਹੀਂ ਮਿਲਦਾ। ਇੱਕ ਵਾਰ ਐਪਲਾਈ ਕਰਨ ਤੋਂ ਬਾਅਦ ਆਮਤੌਰ ਤੇ GIS ਹਰ ਸਾਲ 30 ਅਪਰੈਲ ਤੋਂ ਪਹਿਲਾਂ ਇਨਕਮ ਟੈਕਸ ਭਰਨ ਨਾਲ ਬਹਾਲ ਹੋ ਜਾਂਦਾ ਹੈ।

- **ਅਲਾਊਂਸ ਪ੍ਰੋਗਰਾਮ:** ਅਲਾਊਂਸ ਇੱਕ ਮਹੀਨਾਵਾਰ ਲਾਭ ਹੈ ਜੋ ਉਹਨਾਂ ਘੱਟ ਆਮਦਨ ਵਾਲੇ ਬਜ਼ੁਰਗਾਂ (ਉਮਰ 60-64 ਸਾਲ) ਨੂੰ ਮਿਲਦਾ ਹੈ, ਜਿਹਨਾਂ ਦੇ ਪਤੀ/ਪਤਨੀ ਜਾਂ ਕੌਮਨ-ਲਾਅ ਸਾਥੀ ਨੂੰ ਗਾਰੰਟੀਡ ਇਨਕਮ ਸਪਲਿਮੈਂਟ (GIS) ਮਿਲ ਰਿਹਾ ਹੈ। ਇਸ ਲਾਭ ਲਈ ਐਪਲਾਈ ਕਰਨਾ ਜ਼ਰੂਰੀ ਹੈ - ਇਹ ਆਪਣੇ ਆਪ ਨਹੀਂ ਮਿਲਦਾ।

- **ਸਰਵਾਈਵਰ ਲਈ ਅਲਾਊਂਸ:** ਇਹ ਅਲਾਊਂਸ ਉਸਨੂੰ ਮਿਲਦਾ ਹੈ ਜਿਸਦਾ ਸਾਥੀ ਜ਼ਿੰਦਾ ਨਾ ਹੋਵੇ, ਅੱਤੇ ਉਸਦਾ ਆਪਣੇ ਸਾਥੀ ਦੀ ਮੌਤ ਤੋਂ ਪਿਛੋਂ ਕਿਸੇ ਹੋਰ ਨਾਲ ਕੋਈ ਰਿਸਤਾ ਨਹੀਂ ਹੈ। ਇਸਦੇ ਇਲਾਵਾ, ਐਪਲਾਈ ਕਰਨ ਵਾਲੇ ਲਈ ਜ਼ਰੂਰੀ ਹੈ:

    - ਕਿ ਉਹ 60-64 ਸਾਲ ਦੀ ਉਮਰ ਦਾ ਹੋਵੇ
    - ਉਸਦੀ ਆਮਦਨ ਘੱਟ ਹੋਵੇ
    - ਲਾਭ ਮਨਜ਼ੂਰ ਹੋਣ ਸਮੇ ਉਹ ਕਨੇਡੀਅਨ ਸਿਟੀਜ਼ਨ ਜਾਂ ਕਨੇਡਾ ਦਾ ਕਨੂਨੀ ਰਹਿਣ ਵਾਲਾ ਹੋਵੇ (ਜਾਂ ਉਸ ਸਮੇ ਹੋਵੇ ਜਦੋਂ ਉਹ ਕਨੇਡਾ ਵਿੱਚ ਆਖ਼ਰੀ ਵਾਰੀ ਰਹਿੰਦਾ ਸੀ); ਅਤੇ
    - 18 ਸਾਲਾਂ ਦੀ ਉਮਰ ਤੋਂ ਪਿਛੋਂ ਕਨੇਡਾ ਵਿੱਚ ਘਟੋ-ਘਟ 10 ਸਾਲ ਰਿਹਾ ਹੋਵੇ।

- **ਕਨੇਡਾ ਪੈਨਸ਼ਨ ਪਲੈਨ:** ਕਨੇਡੀਅਨ ਕਾਮੇ ਕੰਮ ਕਰਦੇ ਸਮੇ ਕਨੇਡਾ ਪੈਨਸ਼ਨ ਪਲੈਨ ਵਿੱਚ ਹਿੱਸਾ ਪਾਉਂਦੇ ਹਨ। ਇਹ ਪਲੈਨ ਹਿੱਸਾ ਪਾਉਣ ਵਾਲਿਆਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਰਿਟਾਇਰਮੈਂਟ, ਅਸਮਰੱਥਾ, ਸਰਵਾਈਵਰ, ਅਤੇ/ਜਾਂ ਮੌਤ ਤੇ ਲਾਭ ਦਿੰਦਾ ਹੈ। ਕਿਸੇ ਵੀ ਲਾਭ ਦੀ ਰਕਮ ਕਾਮੇ ਦੇ ਹਿੱਸੇ ਤੇ ਨਿਰਭਰ ਕਰਦੀ ਹੈ।

- **ਕਨੇਡਾ ਪੈਨਸ਼ਨ ਪਲੈਨ ਰਿਟਾਇਰਮੈਂਟ:** ਇਹ ਇਕ ਮਹੀਨਾਵਾਰ ਲਾਭ ਹੈ, ਜੋ ਉਹਨਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜਿਹਨਾਂ ਨੇ ਕਨੇਡਾ ਪੈਨਸ਼ਨ ਪਲੈਨ ਵਿੱਚ ਆਪਣਾ ਹਿੱਸਾ ਪਾਇਆ ਹੁੰਦਾ ਹੈ। CPP ਰਿਟਾਇਰਮੈਂਟ ਪੈਨਸ਼ਨ ਦੇ ਯੋਗ ਹੋਣ ਲਈ ਵਿਅਕਤੀ ਨੇ ਪਲੈਨ ਵਿੱਚ ਘੱਟ ਤੋਂ ਘੱਟ ਇਕ ਯੋਗ ਹਿੱਸਾ ਪਾਇਆ ਹੋਵੇ, ਅਤੇ ਉਸਦੀ ਉਮਰ 65 ਸਾਲਾਂ ਦੀ ਹੋਵੇ। ਜੇਕਰ ਉਸਦੀ ਆਮਦਨ ਇਕ ਨਿਸ਼ਚਤ ਪੱਧਰ

ਤੋਂ ਘੱਟ ਹੈ ਅਤੇ ਉਸਨੇ CPP ਵਿੱਚ ਹਿੱਸਾ ਪਾਇਆ ਹੋਵੇ, ਤਾਂ ਉਸਨੂੰ 60 ਤੇ 64 ਸਾਲ ਦੀ ਉਮਰ ਦੇ ਵਿੱਚਕਾਰ ਇਸ ਲਾਭ ਲਈ ਐਪਲਾਈ ਕਰਨਾ ਚਾਹੀਦਾ ਹੈ।

- **ਕਨੇਡਾ ਪੈਨਸ਼ਨ ਅੰਗਹੀਣਤਾ ਲਾਭ:** ਇਹ ਇੱਕ ਮਹੀਨਾਵਾਰ ਲਾਭ ਹੈ, ਜੋ ਉਹਨਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜਿਹਨਾਂ ਨੇ CPP ਵਿੱਚ ਲੋੜੀਂਦੇ ਸਮੇ ਲਈ ਹਿੱਸਾ ਪਾਇਆ ਹੋਵੇ, ਜੋ ਅੰਗਹੀਣ ਹਨ ਅੱਤੇ 18-65 ਸਾਲ ਦੀ ਉਮਰ ਦੇ ਹਨ। ਅੰਗਹੀਣਤਾ ਦਾ ਅਰਥ ਹੈ, ਇੱਕ ਇਸ ਤਰ੍ਹਾਂ ਦੀ ਮਾਨਸਕ ਜਾਂ ਸਰੀਰਕ ਬਿਮਾਰੀ, ਜੋ ਬਹੁਤ ਹੀ ਸਖ਼ਤ ਅੱਤੇ ਲਮੀ ਹੈ ਤੇ ਜੋ ਬੰਦੇ ਨੂੰ ਕੰਮ ਕਰਨ ਦੀ ਹਾਲਤ ਵਿੱਚ ਨਹੀਂ ਰਹਿਣ ਦਿੰਦੀ।

- **ਕਨੇਡਾ ਪੈਨਸ਼ਨ ਸਰਵਾਈਵਰ ਬੈਨੀਫ਼ਿਟ:** ਇਹ ਇਕ ਮਹੀਨਾਵਾਰ ਲਾਭ, ਜੋ ਹਿੱਸਾ ਪਾਉਣ ਵਾਲੇ ਸੁਰਗਵਾਸੀ ਦੇ ਪਿਛੇ ਰਹਿ ਗਏ ਸਾਥੀ ਨੂੰ ਦਿੱਤਾ ਜਾਂਦਾ ਹੈ।

- **ਕਨੇਡਾ ਪੈਨਸ਼ਨ ਡੈਥ ਬੈਨੀਫ਼ਿਟ:** ਇਹ ਰਕਮ ਹਿੱਸਾ ਪਾਉਣ ਵਾਲੇ ਦੀ ਈਸਟੇਟ ਨੂੰ ਇਕੋ ਵਾਰੀ ਦਿੱਤੀ ਜਾਂਦੀ ਹੈ।

**Government of Alberta**
Alberta Seniors and Community Supports
c/o Kerby Centre
1133 – 7 Avenue S.W.
Calgary, AB

| | |
|---|---|
| All mail to: | Box 3100<br>Edmonton, AB T5J 4W3 |
| Phone: | 1-800-642-3853 |
| Website: | http:www.seniors.gov.ab.ca |

ਐਲਬਰਟਾ ਸੀਨੀਅਰਸ ਐਂਡ ਕੰਮਊਨਿਟੀ ਸੁਪੋਰਟਸ (Alberta Seniors and Community Supports) ਐਲਬਰਟਾ ਦੇ ਸੂਬੇ ਵਿੱਚ ਬਜ਼ੁਰਗਾਂ ਨੂੰ ਲਾਭ ਦਿੰਦੀ ਹੈ। ਹੇਠ ਲਿਖੇ ਪ੍ਰੋਗਰਾਮਾਂ ਦੀ ਐਪਲੀਕੇਸ਼ਨ ਫੋਰਮਾਂ ਸਮੇਤ ਵਿਸਥਾਰਪੂਰਵਕ ਜਾਣਕਾਰੀ ਊਹਨਾਂ ਦੀ ਵੈਬਸਾਈਟ ਤੋਂ ਲੈ ਸਕਦੇ ਹੋ।

**ਐਲਬਰਟਾ ਸੀਨਿਅਰਸ ਬੈਨੀਫ਼ਿਟ (ASB):** ਇਸ ਪ੍ਰੋਗਰਾਮ ਵਿੱਚ ਘੱਟ ਆਮਦਨ ਵਾਲੇ ਯੋਗ ਬਜ਼ੁਰਗਾਂ ਨੂੰ ਆਰਥਕ ਲਾਭ ਦਿਤਾ ਜਾਂਦਾ ਹੈ।

**ਕੈਸ਼ ਬੈਨੀਫ਼ਿਟ:** ਮਹੀਨਾਵਾਰ ਕੈਸ਼ ਲਾਭ ਯੋਗ ਬਜ਼ੁਰਗਾਂ ਨੂੰ ਦਿੱਤਾ ਜਾਂਦਾ ਹੈ। ਇਹ ਊਹਨਾਂ ਬਜ਼ੁਰਗਾਂ ਲਈ ਹੈ, ਜਿਹਨਾਂ ਦੀ ਜ਼ਰੂਰਤ ਬਹੁਤ ਜ਼ਿਆਦਾ ਹੈ ਅਤੇ ਇਹ ਚਾਰ ਹਾਲਤਾਂ ਤੇ ਨਿਰਭਰ ਕਰਦਾ ਹੈ:

- ਆਮਦਨ (ਪਤੀ-ਪਤਨੀ/ਸਾਥੀ ਦੀ ਇਕੱਠੀ ਆਮਦਨ)
- ਰਿਹਾਇਸ਼ ਦੀ ਕਿਸਮ
- ਵਿਵਾਹਕ ਅਵਸਥਾ (ਕੌਮਨ ਲਾਅ ਸਮੇਤ)
- ਔਲਡ ਏਜ ਸਿਕਊਰਿਟੀ ਦਾ ਯੋਗ ਪਾਤਰ

ਨਵੇਂ ਆਵਾਸੀ ਜੋ ਕਨੇਡਾ ਦੇ ਪਕੇ ਵਸਨੀਕ ਹਨ, ਇਸ ਕੈਸ਼ ਲਾਭ ਦੇ ਹੱਕਦਾਰ ਹੋ ਸਕਦੇ ਹਨ, ਜੇ ਊਹਨਾਂ ਦੀ ਆਮਦਨ ਘੱਟ ਹੈ ਅਤੇ ਊਹ ਇਕਲੇ ਰਹਿ ਰਹੇ ਹਨ (ਮਕਾਨ ਮਾਲਕ ਜਾਂ ਕਿਰਾਏ ਤੇ)। ਇਹ ਲਾਭ ਊਹਨਾਂ ਲਈ ਹੈ ਜਿਹਨਾਂ ਨੂੰ ਅਜੇ ਔਲਡ ਏਜ ਸਿਕੂਰਿਟੀ ਨਹੀਂ ਮਿਲਦੀ। ਇਹ ਲਾਭ $10-$123 ਮਹੀਨੇ ਦਾ ਹੈ।

ਨਵੇਂ ਆਵਾਸੀ ਜੋ ਪਰਵਾਰ ਨਾਲ ਰਹਿੰਦੇ ਹਨ, ਇਸ ਕੈਸ਼ ਲਾਭ ਦੇ ਹੱਕਦਾਰ ਨਹੀਂ ਹੁੰਦੇ, ਜਦ ਤੱਕ ਉਹਨਾਂ ਨੂੰ ਔਲਡ ਏਜ ਸਿਕੂਰਿਟੀ ਨਹੀਂ ਮਿਲਦੀ, ਜੋ ਆਮਤੌਰ ਤੇ ਕਨੇਡਾ ਵਿੱਚ 10 ਸਾਲ ਰਹਿਣ ਤੋਂ ਪਿਛੋਂ ਮਿਲਦੀ ਹੈ।

- **ਸਪੈਸ਼ਲ ਨੀਡਸ ਅਸਿਸਟੈਂਨਸ:** ਇਹ ਪ੍ਰੋਗਰਾਮ ਆਮਦਨ ਤੇ ਨਿਰਭਰ ਕਰਦਾ ਹੈ ਅਤੇ ਘੱਟ ਆਮਦਨ ਵਾਲੇ ਯੋਗ ਪਾਤਰ ਨੂੰ ਇਕੱਠੀ ਰਕਮ ਇਕੋ ਵਾਰ ਦਿੱਤੀ ਜਾਂਦੀ ਹੈ। ਆਮ ਕਰਕੇ ਜੋ ਬਜ਼ੁਰਗ ਐਲਬਰਟਾ ਸਰਕਾਰ ਤੋਂ ਕੈਸ਼ ਲਾਭ ਲੈਂਦੇ ਹਨ, ਸਪੈਸ਼ਲ ਨੀਡਸ ਦੇ ਹੱਕਦਾਰ ਹੁੰਦੇ ਹਨ। ਇਹ ਸਹਾਇਤਾ ਵਾਜਿਬ ਸਪੈਸ਼ਲ ਲੋੜਾਂ ਲਈ ਉਪਲਭਦ ਹੈ, ਜਿਵੇਂ ਕਿ ਬੈਡ, ਨਿਸਚਿਤ ਐਪਲਾਇੰਸਿ, ਮਹਿੰਗੀਆਂ ਨੁਸਖ਼ੇ ਵਾਲੀਆਂ ਦਵਾਈਆਂ, ਕਨਾਂ ਦੀ ਮਸ਼ੀਨ ਅਤੇ ਘੱਰ ਦੀ ਕੁਝ ਮੁਰੰਮਤ। ਯੋਗ ਖ਼ਰਚੇ ਦੀ ਪੂਰੀ ਲਿਸਟ ਉਪਰ ਦਿੱਤੀ ਹੋਈ ਵੈਬਸਾਈਟ ਤੋਂ ਜਾਂ ਸੀਨੀਅਰਸ ਇਨਫੱਰਮੇਸ਼ਨ ਲਾਈਨ ਦੇ ਟੋਲ ਫਰੀ ਨੰਬਰ ਤੋਂ ਲਈ ਜਾ ਸਕਦੀ ਹੈ: 1-800-642-3853। **ਨੋਟ:** ਇਹ ਪ੍ਰੋਗਰਾਮ ਅਖ਼ਰੀ ਆਸਰਾ ਹੈ। ਬਜ਼ੁਰਗਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਜੇ ਹੋ ਸਕੇ ਤਾਂ ਉਹ ਪਹਿਲਾਂ ਦੂਸਰੇ ਪ੍ਰੋਗਰਾਮਾਂ ਦਾ ਲਾਭ ਲੈਣ।

- **ਬਜ਼ੁਰਗਾਂ ਲਈ ਏਜੁਕੇਸ਼ਨ ਪਰੋਪਰਟੀ ਟੈਕਸ ਅਸਿਸਟੈਂਨਸ:** ਇਹ ਪ੍ਰੋਗਰਾਮ ਬਜ਼ੁਰਗ ਮਕਾਨ ਮਾਲਿਕਾਂ ਨੂੰ ਸਾਲੋਂ-ਸਾਲ ਉਹਨਾਂ ਦੇ ਹਿੱਸੇ ਦੀ ਪਰੋਪਰਟੀ ਤੇ ਸਿਖਿਆ ਟੈਕਸ ਦੇ ਵੱਧਣ ਤੇ ਸਾਲਾਨਾ ਛੋਟ ਦਿੰਦਾ ਹੈ। ਬਜ਼ੁਰਗ ਦਾ ਮਕਾਨ ਮਾਲਕ ਹੋਣਾ ਜ਼ਰੂਰੀ ਹੈ। ਇਹ ਪ੍ਰੋਗਰਾਮ ਆਮਦਨ ਤੇ ਨਿਰਭਰ ਨਹੀਂ ਕਰਦਾ। ਛੋਟ ਲਈ ਯੋਗਤਾ ਦਾ ਨਿਰਣਾ ਕਰਨ ਲਈ ਇੱਕ ਬੁਨਿਆਦੀ ਸਾਲ ਰਖਿਆ ਜਾਂਦਾ ਹੈ। ਛੋਟ ਦੀ ਰਕਮ ਬੁਨਿਆਦੀ ਸਾਲ ਦੇ ਸਿਖਿਆ ਟੈਕਸ ਦੀ ਰਕਮ ਅੱਤੇ ਅਗਲੇ ਸਾਲਾਂ ਦੀ ਰਕਮ ਦਾ ਫ਼ਰਕ ਹੁੰਦੀ ਹੈ।

## ਸਪੌਂਸਰਸ਼ਿਪ'ਚ ਰੁਕਾਟਵ – ਆਰਥਕ ਸੰਕਟ

ਜ਼ਿਆਦਾਤਰ ਕਨੇਡਾ ਵਿੱਚ ਆਉਣ ਵਾਲੇ ਆਵਾਸੀ ਬਜ਼ੁਰਗ ਉਹਨਾਂ ਦੇ ਪਰਵਾਰ ਵਲੋਂ ਸਪੌਂਸਰ ਕੀਤੇ ਜਾਂਦੇ ਹਨ। ਇਸਦਾ ਮਤਲਬ ਹੈ ਕਿ ਪਰਵਾਰ ਦੇ ਮੈਂਬਰ ਨੇ ਬਜ਼ੁਰਗ ਨੂੰ ਇਕ ਮਿਥੇ ਹੋਏ ਸਮੇ ਲਈ ਸੰਭਾਲਣ ਦੀ ਸਹਿਮਤੀ ਦਿੱਤੀ ਹੁੰਦੀ ਹੈ। ਇਹ ਸਮਾ ਲਗਭਗ 10 ਸਾਲਾਂ ਦਾ ਹੁੰਦਾ ਹੈ।

ਕਦੇ-ਕਦਾਈਂ ਸਪੌਂਸਰਸ਼ਿਪ ਨਹੀਂ ਨਿਭਦੀ। ਕਦੇ ਕਦੇ ਪਰਵਾਰ ਦੇ ਹਾਲਾਤ ਬਦਲ ਜਾਂਦੇ ਹਨ। ਕਈ ਵਾਰ ਸਪੌਂਸਰ ਕਰਨ ਵਾਲਾ ਬਿਮਾਰ ਪੈ ਜਾਂਦਾ ਹੈ ਜਾਂ ਉਸਦਾ ਕੰਮ ਛੁਟ ਜਾਂਦਾ ਹੈ। ਕਈ ਵਾਰੀ ਪਰਵਾਰ ਦੀ ਆਪਸ ਵਿੱਚ ਨਹੀਂ ਬਣਦੀ। ਬਜ਼ੁਰਗਾਂ ਨੂੰ ਕਦੀ ਵੀ ਐਸੇ ਹਾਲਾਤ ਵਿੱਚ ਨਹੀਂ ਰਹਿਣਾ ਚਾਹੀਦਾ, ਜਿਥੇ ਉਹਨਾਂ ਨੂੰ ਸਰੀਰਕ ਹਾਨੀ ਦਾ ਡਰ ਹੋਵੇ, ਜਾਂ ਉਹ ਅਸੁਰੱਖਿਅਤ ਮਹਸੂਸ ਕਰਦੇ ਹੋਣ।

ਜਦੋਂ ਸਪੌਂਸਰਸ਼ਿਪ ਟੁਟਦੀ ਹੈ, ਤਾਂ ਐਲਬਰਟਾ ਵਰਕਸ ਇਨਕਮ ਸਪੋਰਟ ਵਲੋਂ ਸਹਾਇਤਾ ਮਿਲ ਸਕਦੀ ਹੈ। ਜੇਕਰ ਆਵਾਸੀ ਬਜ਼ੁਰਗ ਸਪੌਂਸਰ ਨਾ ਹੋਇਆ ਹੋਵੇ, ਲੇਕਿਨ ਉਹ ਆਪਣੇ ਆਪ ਜਾਂ ਰੈਫਯੂਜ਼ੀ ਬਣ ਕੇ ਕਨੇਡਾ ਆਇਆ ਹੋਵੇ ਤਾਂ ਵੀ ਸਹਾਇਤਾ ਮਿਲ ਸਕਦੀ ਹੈ।

Alberta Works,
Alberta Employment, Immigration and Industry

www.employment.alberta.ca

ਇਨਕਮ ਸਪੋਰਟ ਇਕ ਪ੍ਰੋਗਰਾਮ ਹੈ, ਜੋ ਉਹਨਾਂ ਅਲਬਰਟਾ ਵਾਸੀਆਂ ਨੂੰ ਆਰਥਕ ਅੱਤੇ ਸਿਹਤ ਸੰਬਧੀ ਲਾਭ ਦਿੰਦਾ ਹੈ, ਜਿਹਨਾਂ ਕੋਲ ਆਪਣੇ ਆਪ ਨੂੰ ਸਪੋਰਟ ਕਰਨ ਦਾ ਕੋਈ ਵਸੀਲਾ ਨਹੀਂ ਹੁੰਦਾ। ਕਿਸੇ ਵੀ ਉਮਰ ਦੇ ਆਵਾਸੀ ਬਜ਼ੁਰਗ ਜੋ ਕਨੇਡਾ ਵਿੱਚ 10 ਸਾਲਾਂ ਤੋਂ ਘੱਟ ਸਮੇਂ ਤੋਂ ਰਹਿ ਰਹੇ ਹਨ ਇਸ ਪ੍ਰੋਗਰਾਮ ਵਿੱਚ ਸਹਾਇਤਾ ਲਈ ਐਪਲਾਈ ਕਰ ਸਕਦੇ ਹਨ ਜੇਕਰ ਉਹ ਇਕਲੇ ਰਹਿ ਰਹੇ ਹਨ।

ਜੇ ਕੋਈ ਸਪੌਂਸਰ ਕੀਤਾ ਹੋਇਆ ਬਜ਼ੁਰਗ ਇਨਕਮ ਸਪੋਰਟ ਲਈ ਐਪਲਾਈ ਕਰਨਾ ਚਾਹੰਦਾ ਹੈ:

- ਹੇਠ ਲਿਖੀ ਹੋਈ ਲਿਸਟ ਚੋਂ ਕਿਸੇ ਇੱਕ ਦਫ਼ਤਰ ਵਿੱਚ ਮੁਢਲੀ ਇੰਟਰਵੀਊ ਬੁਕ ਕੀਤੀ ਜਾਵੇ
- ਇਸ ਇੰਟਰਵੀਊ ਲਈ ਬਜ਼ੁਰਗ ਨੂੰ ਆਪਣੇ ਸਪੌਂਸਰ ਨੂੰ ਨਾਲ ਲੈਕੇ ਜਾਣਾ ਜ਼ਰੂਰੀ ਹੈ
- ਬਜ਼ੁਰਗ ਨੂੰ ਆਪਣੇ ਸਪੌਂਸਰਸ਼ਿਪ ਦੇ ਪੇਪਰਾਂ ਦੀਆਂ ਕਾਪੀਆਂ ਦੇਣੀਆਂ ਜ਼ਰੂਰੀ ਹਨ
- ਸਪੌਂਸਰ ਨੂੰ ਆਪਣੇ ਆਰਥਕ ਹਾਲਾਤ ਦਸਣੇ **ਅੱਤੇ** ਸਬੂਤ ਪ੍ਰਦਾਨ ਕਰਨੇ ਜ਼ਰੂਰੀ ਹਨ

ਐਸੀ ਹਾਲਤ ਵਿੱਚ ਜਿਥੇ ਸਪੌਂਸਰ ਆਪਣੇ ਆਰਥਕ ਹਾਲਾਤ ਨੂੰ ਬਿਆਨ **ਨਹੀਂ ਕਰਦਾ** ਜਾਂ **ਨਹੀਂ ਕਰ ਸਕਦਾ**, ਤਾਂ ਬਜ਼ੁਰਗ ਸਪੋਰਟ ਦਾ ਹੱਕਦਾਰ ਨਹੀਂ ਹੁੰਦਾ।

ਕਈ ਵਿਸ਼ੇਸ਼ ਹਾਲਤਾਂ ਵਿੱਚ ਸਪੌਂਸਰ ਨੂੰ ਮੁਢਲੀ ਇੰਟਰਵਿਊ ਲਈ ਜਾਣਾ ਜ਼ਰੂਰੀ ਨਹੀਂ ਹੋ ਸਕਦਾ, ਜਾਂ ਐਪਲਾਈ ਕਰਨ ਵਾਲੇ ਦੀ ਸਹਾਇਤਾ ਕਰਨ ਦੀ ਲੋਣ **ਨਹੀਂ**। ਇਨਕੰਮ ਸਪੋਰਟ ਲਈ ਐਪਲੀਕੇਸ਼ਨ ਤਾਂ ਦਿੱਤੀ ਜਾਵੇ ਜੇ:

- ਬਜ਼ੁਰਗ ਨੂੰ ਛੱਡ ਦਿੱਤਾ ਗਿਆ ਹੋਵੇ
- ਬਜ਼ੁਰਗ ਸਪੌਂਸਰ ਵਲੋਂ ਅਣਗੌਲਿਆ ਜਾਵੇ, ਜਾਂ ਉਸ ਨਾਲ ਬੁਰੀ ਵਰਤੋਂ ਕੀਤੀ ਜਾਂਦੀ ਹੋਵੇ
- ਬਜ਼ੁਰਗ ਨੂੰ ਰਿਸਤੇਦਾਰਾਂ ਨੇ ਘੱਰ ਵਿੱਚੋਂ ਕੱਢ ਦਿੱਤਾ ਹੋਵੇ

ਇਨਕੰਮ ਸਪੋਰਟ ਲੈਣ ਲਈ ਹੇਠ ਲਿੱਖੇ ਹੋਏ ਪਤਿਆਂ ਤੇ ਆਪ ਜਾਕੇ ਐਪਲੀਕੇਸ਼ਨ ਦੇ ਸਕਦੇ ਹੋ:

| | |
|---|---|
| Canada Alberta Service Centre<br>100, 6712 Fisher Street S.E., Calgary | (403) 297-2020 |
| One Executive Place<br>300, 1816 Crowchild Trail N.W., Calgary | (403) 297-7200 |
| 10th and 10th Office<br>Main Flr., 1021 – 10 Avenue S.W., Calgary | (403) 297-2094 |
| Radisson Centre Office<br>520 – 28 Street S.E., Calgary | (403) 297-1907 |
| Calgary East Marlborough Mall<br>1502 Marlborough Mall Way N.E.<br>Calgary AB | (403) 297-7570 |